# ਖੇਤੀਬਾੜੀ ਜ਼ਮੀਨ ਦੇ ਖੁਰਾਕੀ ਤੱਤਾਂ ਦਾ ਨਕਸ਼ਾ ਬਲਾਕ ਬਾਘਾਪੁਰਾਣਾ ( ਮੋਗਾ)


## ਸਲਫਰ

ਲਾਲ ਰੰਗ ਹੋਵੇ ਤਾਂ 100 ਕਿਲੋ ਜਿਪਸਮ ਪ੍ਰਤੀ ਏਕੜ ਵਰਤੋ।



## ਆਰਗੈਨਿਕ ਕਾਰਬਨ


1. ਫਸਲਾਂ ਦੇ ਨਾੜ ਨੂੰ ਅੱਗ ਲਗਾਉਣ ਦੀ ਬਜਾਏ ਜਮੀਨ ਵਿੱਚ ਵਾਹੋ , ਹਰੀ ਖਾਦ ਬੀਜੋ ਅਤੇ ਰੂੜੀ ਖਾਦ ਦੀ ਵਰਤੋਂ ਕਰੋ।
2. ਹਰਾ ਰੰਗ ਹੋਵੇ ਤਾਂ ਯੂਰੀਆ ਖਾਦ ਦੀ ਵਰਤੋਂ ਚੌਥਾ ਹਿੱਸਾ ਘੱਟਾ ਦਿਓ।



## ਫਾਸਫੋਰਸ


1 ਫਸਲ ਦੇ ਨਾੜ ਨੂੰ ਅੱਗ ਲਗਾਉਣ ਦੀ ਬਜਾਏ ਜਮੀਨ ਵਿੱਚ ਵਾਹੋ , ਹਰੀ ਖਾਦ ਬੀਜੋ ਅਤੇ ਰੂੜੀ ਖਾਦ ਪਾਓ।

2. ਹਰਾ ਰੰਗ ਹੋਵੇ ਤਾਂ ਡੀ.ਏ.ਪੀ. ਖਾਦ ਦੀ ਵਰਤੋਂ ਚੌਥਾ ਹਿੱਸਾ ਘੱਟਾ ਦਿਓ।




## ਪੋਟਾਸ਼

ਲਾਲ ਰੰਗ ਹੋਵੇ ਤਾਂ ਡੀ.ਏ.ਪੀ. ਖਾਦ ਦੀ ਜਗ੍ਹ ਐਨ.ਪੀ.ਕੇ.ਖਾਦ ਵਰਤੋ ਜਾਂ ਫਿਰ 20 ਕਿਲੋ ਮਿਉਰੇਟ ਆਫ ਪੋਟਾਸ਼ ਖਾਦ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਸਮੇਂ ਪਾਓ।




## ਪੀ.ਐਚ.

1. ਗੁਲਾਬੀ ਰੰਗ ਹੋਵੇ ਤਾਂ 100 ਕਿਲੋ ਜਿਪਸਮ ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤ ਵਿੱਚ ਵਰਤੋ।
2. ਗੂੜਾ ਲਾਲ ਰੰਗ ਹੋਵੇ ਤਾਂ ਟੈਸਟ ਰਿਪੋਰਟ ਮੁਤਾਬਕ ਵੱਧ ਜਿਪਸਮ ਪਾਓ।




## ਜਿੰਕ

ਲਾਲ ਰੰਗ ਹੋਵੇ ਤਾਂ1 ਕਿਲੋ ਜਿੰਕ ਸਲਫੇਟ 200 ਲੀਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਤੇ ਹਿਸਾਬ ਨਾਲ ਕਣਕ / ਝੋਨੇ ਦੀ ਫਸਲ ਤੇ 1-2 ਛਿੜਕਾਅ ਕਰੋ।




## ਲੋਹਾ

ਲਾਲ ਰੰਗ ਹੋਵੇ ਤਾਂ 2 ਕਿਲੋ ਫੈਰਸ ਸਲਫੇਟ 200 ਲੀਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਝੋਨੇ ਦੀ ਫਸਲ ਤੇ 2-3 ਸਪਰੇਅ ਕਰੋ।



## ਮੈਗਨੀਜ਼

ਲਾਲ ਰੰਗ ਹੋਵੇ ਤਾਂ 1 ਕਿਲੋ ਮੈਗਨੀਜ਼ ਸਲਫੇਟ 200 ਲੀਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਤੇ ਹਿਸਾਬ ਨਾਲ ਕਣਕ ਦੀ ਫਸਲ ਨੂੰ ਪਹਿਲਾ ਸਪਰੇਅ ਪਹਿਲਾ ਪਾਣੀ ਲਗਾਉਣ ਤੋਂ ਪਹਿਲਾਂ ਅਤੇ 2 ਹੋਰ ਸਪਰੇਅ ਪਹਿਲੇ ਪਾਣੀ ਤੋਂ ਬਾਅਦ ਕਰੋ।



ਘੱਟ | ਸਾਧਾਰਣ | ਵੱਧ

1. ਫਸਲਾਂ ਦੀ ਰਹਿੰਦ ਖੂੰਹਦ/ਝੋਨੇ ਦੀ ਪਰਾਲੀ/ਕਣਕ ਦੇ ਨਾੜ ਨੂੰ ਲਗਾਤਾਰ ਜਮੀਨ ਵਿੱਚ ਰੱਖਣ/ਵਾਹੁਣ ਨਾਲ ਜਮੀਨ ਦੇ ਖੁਰਾਕੀ ਤੱਤਾਂ ਵਿੱਚ ਵਾਧਾ ਹੁੰਦਾ ਹੈ,ਜਿਸ ਨਾਲ ਖਾਦ ਦੀ ਜਰੂਰਤ ਘਟਦੀ ਹੈ, ਫਸਲ ਤੇ ਬਿਮਾਰੀਆਂ ਦਾ ਹਮਲਾ ਘੱਟ ਹੁੰਦਾ ਹੈ, ਪਾਣੀ ਦੀ ਵਰਤੋਂ ਘਟਦੀ ਹੈ, ਫਸਲ ਡਿੱਗਦੀ ਨਹੀ, ਫਸਲ ਮੌਸਮ ਦੀ ਮਾਰ ਤੋਂ ਬਚਦੀ ਹੈ, ਜਿਸ ਨਾਲ ਫਸਲਾਂ ਦੇ ਝਾੜ ਵਿੱਚ ਵਾਧਾ ਹੁੰਦਾ ਹੈ।
2. ਇਸ ਨਕਸ਼ੇ ਵਿੱਚ ਦਿੱਤੀ ਜਾਣਕਾਰੀ ਕਿਸਾਨਾਂ ਨੂੰ ਜਮੀਨ ਦੀ ਸਿਹਤ ਪ੍ਰਤੀ ਜਾਗਰੂਕ ਅਤੇ ਸੁਚੇਤ ਕਰਨ ਲਈ ਹੈ ਅਤੇ ਖਾਦਾਂ ਵਰਤਣ ਤੋਂ ਪਹਿਲਾਂ ਆਪਣੀ ਜਮੀਨ ਦੇ ਸਿਹਤ ਕਾਰਡ ਤੇ ਦਿੱਤੀ ਜਾਣਕਾਰੀ ਚੈੱਕ ਕਰ ਲਵੋ।
3. ਗੰਨੇ ਦੀ ਬਿਜਾਈ ਲਈ ਫਿੱਕਾ ਹਰਾ ਰੰਗ (6.5- 7.5 ਪੀ.ਐਚ.) ਬਿੱਲਕੁਲ ਅਨੁਕੂਲ ਹੈ ਅਤੇ ਜੇਕਰ ਗੂੜ੍ਹਾ ਹਰਾ ਰੰਗ ਹੋਵੇ (7.5- 8.0 ਪੀ.ਐਚ),ਤਾਂ ਰੂੜ੍ਹੀ ਖਾਦ ਜਾਂ ਹਰੀ ਖਾਦ ਵਰਤ ਕੇ ਗੰਨੇ ਦੀ ਬਿਜਾਈ ਲਈ ਪੀ.ਐਚ. ਘਟਾਇਆ ਜਾ ਸਕਦਾ ਹੈ।
4. ਜਮੀਨ ਸਿਹਤ ਕਾਰਡ ਉਪਲੱਬਧ ਨਾ ਹੋਣ ਦੀ ਸੂਰਤ ਵਿੱਚ ਕਾਰਡ ਸਬੰਧੀ ਜਾਣਕਾਰੀ ਸਬੰਧਤ ਬਲਾਕ ਖੇਤੀਬਾੜੀ ਅਫਸਰ ਦੇ ਦਫਤਰ ਤੋਂ ਲਈ ਜਾ ਸਕਦੀ ਹੈ।

ਵਧੇਰੇ ਜਾਣਕਾਰੀ ਖੇਤੀਬਾੜੀ ਵਿਭਾਗ ਦੀ ਵੈਬਸਾਈਟ www.agripb.gov.in ਤੋ ਲਈ ਜਾ ਸਕਦੀ ਹੈ।

ਜਾਂ ਆਪਣੇ ਹਲਕੇ ਦੇ ਬਲਾਕ ਖੇਤੀਬਾੜੀ ਅਫਸਰ( )/ ਖੇਤੀਬਾੜੀ ਵਿਕਾਸ ਅਫਸਰ( ) ਨਾਲ ਸੰਪਰਕ ਕਰੋ।

ਇੰਨ-ਸਿਟੂ ਮੈਨੇਜਮੈਂਟ ਆਫ ਕਰਾਪ ਰੈਜੀਡਿਊ ਸਕੀਮ ਦੇ ਤਹਿਤ ਜਨਹਿੱਤ ਵਿੱਚ ਜਾਰੀ:

**ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ,ਪੰਜਾਬ ਅਤੇ ਮਿਸ਼ਨ ਤੰਦਰੁਸਤ ਪੰਜਾਬ**